بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصاراللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA
Mob: +919682536974, E-Mail: ansarullah@qadian.in ਮੁਹੱਲਾ ਅਹਮਦਿੱਯਾ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

ਤਹਿਰੀਕਿ ਜਦੀਦ ਦੇ (92ਵੇਂ) ਬਾਨਵੇਂ ਸਾਲ ਵਿੱਚ ਪੇਸ਼ ਕੀਤੀਆਂ ਗਈਆਂ ਮਾਲੀ ਕ਼ੁਰਬਾਨੀਆਂ ਦਾ ਜ਼ਿਕਰ ਅਤੇ ਤਰਾਨਵੇਂ (93ਵੇਂ) ਸਾਲ ਦੇ ਆਗ਼ਾਜ਼ ਦਾ ਐਲਾਨ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼ਤੁਲ-ਮਸੀਹ् अल्-ख़ामिस अॱयदाहुॱलाहु तआला बिनस्-रिहिल् अज़ीज़, 06 ਨਵੰਬਰ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ اِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

ਤਸ਼ੱਹੁਦ, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ्-रिहिल् अज़ीज़ ने ਫ਼ਰਮਾਇਆ: ਅੱਲਾਹ ਤਆਲਾ ਕ਼ੁਰਆਨ ਕਰੀਮ ਵਿੱਚ ਫ਼ਰਮਾਉਂਦਾ ਹੈ: لَنْ تَنَالُوا الْبِرَّ حَتّٰى تُنْفِقُوْا مِمَّا تُحِبُّوْنَ ਯਾਨੀ ਤੁਸੀਂ ਹਰਗਿਜ਼ ਨੇਕੀ ਨੂੰ ਨਹੀਂ ਪਾ ਸਕੋਗੇ ਇੱਥੋਂ ਤੱਕ ਕਿ ਤੁਸੀਂ ਉਨ੍ਹਾਂ ਚੀਜ਼ਾਂ ਵਿੱਚੋਂ ਖ਼ਰਚ ਕਰੋ ਜਿਨ੍ਹਾਂ ਨਾਲ਼ ਤੁਸੀਂ ਮੁਹੱਬਤ ਕਰਦੇ ਹੋ।

ਇੱਕ ਹਦੀਸ ਵਿੱਚ ਆਉਂਦਾ ਹੈ ਕਿ ਜਦੋਂ ਇਹ ਆਯਤ ਨਾਜ਼ਿਲ ਹੋਈ ਤਾਂ ਹਜ਼ਰਤ ਤਲਹਾ ਰਜ਼ਿਯੱਲਾਹੁ ਅਨਹੁ ਨੇ ਆਪਣਾ ਸਭ ਤੋਂ ਕ਼ੀਮਤੀ ਬਾਗ਼, ਜਿਸ ਦਾ ਨਾਂ ਬੈਰੁਹਾ ਸੀ, ਆਪ ﷺ ਦੀ ਖ਼ਿਦਮਤ ਵਿੱਚ ਪੇਸ਼ ਕਰ ਦਿੱਤਾ ਕਿ ਇਹ ਮੇਰੀ ਸਭ ਤੋਂ ਪਿਆਰੀ ਜਾਇਦਾਦ ਹੈ। ਇਸ ਤੋਂ ਇਲਾਵਾ ਵੀ ਹਦੀਸਾਂ ਵਿੱਚ ਆਉਂਦਾ ਹੈ ਕਿ ਬਹੁਤ ਸਾਰੇ ਸਹਾਬਾ ਸਨ ਜਿਹੜੇ ਜਦੋਂ ਵੀ ਮਾਲੀ ਕ਼ੁਰਬਾਨੀ ਦੀ ਤਹਿਰੀਕ ਹੁੰਦੀ ਤਾਂ ਉਸ ਵਿੱਚ **ਮੋਹਰੀ** ਰਹਿੰਦੇ ਅਤੇ ਆਪਣਾ ਮਾਲ ਆਂਹਜ਼ਰਤ ਸਲ੍ ਲੱਲਾਹੁ ਅਲੈਹਿ ਵਸੱਲਮ੍ ਦੀ ਖ਼ਿਦਮਤ ਵਿੱਚ ਪੇਸ਼ ਕਰਦੇ ਸਨ। ਇਹ ਰੌਸ਼ਨ ਸਿਤਾਰੇ ਅੱਜ ਵੀ ਸਾਡੇ ਲਈ ਮਸ਼ਅਲਿ ਰਾਹ (ਮਾਰਗ ਦਰਸ਼ਕ) ਹਨ।

ਫਿਰ ਅੱਲਾਹ ਤਆਲਾ ਦੇ ਵਾਅਦਿਆਂ ਦੇ ਮੁਤਾਬਿਕ਼ ਇਸਲਾਮ ਦੀ **ਨਸ਼ਅਤਿ ਸਾਨੀਆ** (ਦੂਸਰੀ ਜ਼ਿੰਦਗੀ) ਦਾ ਦੌਰ ਆਇਆ ਤਾਂ ਇਸ ਦੌਰ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿਸ੍ ਸਲਾਮ੍ ਦੀਆਂ ਤਹਿਰੀਕਾਂ ਉੱਤੇ ਸਹਾਬਾ ਨੇ ਵੀ ਕ਼ੁਰਬਾਨੀਆਂ ਦਿੱਤੀਆਂ, ਇਸ ਲਈ ਕਿ ਆਪ ਅਲੈਹਿਸ੍ ਸਲਾਮ੍ ਨੇ ਸਹਾਬਾ ਨੂੰ ਇਨ੍ਹਾਂ ਕ਼ੁਰਬਾਨੀਆਂ ਦੀ ਸਮਝ ਅਤਾ ਫ਼ਰਮਾਈ।

ਹਜ਼ਰਤ ਮਸੀਹ ਮੌਊਦ ਅਲੈਹਿਸ੍ ਸਲਾਮ੍ ਇੱਕ ਥਾਂ ਫ਼ਰਮਾਉਂਦੇ ਹਨ ਕਿ ਬੇਕਾਰ ਅਤੇ ਨਿਕੰਮੀਆਂ ਚੀਜ਼ਾਂ ਖ਼ਰਚ ਕਰਨ ਨਾਲ਼ ਕੋਈ ਆਦਮੀ ਨੇਕੀ ਕਰਨ ਦਾ ਦਾਅਵਾ ਨਹੀਂ ਕਰ ਸਕਦਾ। ਨੇਕੀ ਦਾ ਬੂਹਾ ਤੰਗ ਹੈ। ਇਸ ਲਈ ਇਹ ਗੱਲ ਜ਼ਹਿਨ-ਨਸ਼ੀਨ ਕਰ ਲਵੋ ਕਿ ਨਿਕੰਮੀਆਂ ਚੀਜ਼ਾਂ ਖ਼ਰਚ ਕਰਨ ਨਾਲ਼ ਕੋਈ ਇਸ ਵਿੱਚ ਦਾਖ਼ਿਲ ਨਹੀਂ ਹੋ ਸਕਦਾ, ਕਿਉਂਕਿ ਸਪਸ਼ਟ ਆਯਤ ਹੈ لَنْ تَنَالُوا الْبِرَّ حَتّٰى تُنْفِقُوْا مِمَّا تُحِبُّوْنَ ਜਦੋਂ ਤੱਕ ਅਜ਼ੀਜ਼ ਤੋਂ ਅਜ਼ੀਜ਼ ਅਤੇ ਪਿਆਰੀ ਤੋਂ ਪਿਆਰੀ ਚੀਜ਼ਾਂ ਖ਼ਰਚ ਨਹੀਂ ਕਰੋਗੇ, ਉਦੋਂ ਤੱਕ ਮਹਿਬੂਬ ਅਤੇ ਅਜ਼ੀਜ਼ ਹੋਣ ਦਾ ਦਰਜਾ ਨਹੀਂ ਮਿਲ਼ ਸਕਦਾ। ਜੇਕਰ ਤਕਲੀਫ਼ ਉਠਾਉਣਾ ਨਹੀਂ ਚਾਹੁੰਦੇ ਅਤੇ ਹਕ਼ੀਕ਼ੀ ਨੇਕੀ ਨੂੰ ਅਪਣਾਉਣਾ ਨਹੀਂ ਚਾਹੁੰਦੇ ਤਾਂ ਕਿਵੇਂ ਕਾਮਯਾਬ ਅਤੇ ਬਾ-ਮੁਰਾਦ ਹੋ ਸਕਦੇ ਹੋ? ਕੀ ਸਹਾਬਾ ਕਰਾਮ ਮੁਫ਼ਤ ਵਿੱਚ ਉਸ ਦਰਜੇ ਤੱਕ ਪਹੁੰਚ ਗਏ ਸਨ ਜੋ ਉਨ੍ਹਾਂ ਨੂੰ ਹਾਸਿਲ ਹੋਇਆ? ..... ਗੱਲ ਇਹ

ਹੈ ਕਿ ਅੱਲਾਹ ਤਆਲਾ ਦੀ ਰਜ਼ਾਮੰਦੀ, ਜੋ ਹਕ਼ੀਕ਼ੀ ਖ਼ੁਸ਼ੀ ਦਾ ਕਾਰਨ ਹੈ, ਹਾਸਿਲ ਨਹੀਂ ਹੋ ਸਕਦੀ ਜਦੋਂ ਤੱਕ ਆਰਜ਼ੀ ਤਕਲੀਫ़ਾਂ ਬਰਦਾਸ਼ਤ ਨਾ ਕੀਤੀਆਂ ਜਾਣ।

ਹਜ਼ੂਰ ਅਨਵਰ ਨੇ ਫ਼ਰਮਾਇਆ: ਇਹ ਉਹ ਰੂਹ ਹੈ ਜੋ ਹਜ਼ਰਤ ਮਸੀਹ ਮੌਊਦ ਅਲੈਹਿਸ੍ ਸਲਾਮ੍ ਨੇ ਜਮਾਅਤ ਵਿੱਚ ਪੈਦਾ ਕਰਨ ਦੀ ਕੋਸ਼ਿਸ਼ ਫ਼ਰਮਾਈ। ਆਪ ਅਲੈਹਿਸ੍ ਸਲਾਮ੍ ਦੇ ਸਹਾਬਾ ਵੀ ਕ਼ੁਰਬਾਨੀਆਂ ਵਿੱਚ ਇੰਨੇ ਅੱਗੇ ਵਧ ਗਏ ਕਿ ਆਪ ਅਲੈਹਿਸ੍ ਸਲਾਮ੍ ਨੂੰ ਕਹਿਣਾ ਪਿਆ ਕਿ ਮੈਂ ਵੇਖਦਾ ਹਾਂ ਕਿ ਅਜਿਹੇ ਲੋਕ ਵੀ ਸਾਡੀ ਜਮਾਅਤ ਵਿੱਚ ਸ਼ਾਮਿਲ ਹਨ ਜਿਨ੍ਹਾਂ ਦੇ ਸਰੀਰ ਉੱਤੇ ਮੁਸ਼ਕਿਲ ਨਾਲ਼ **ਕੱਪੜਾ** ਹੁੰਦਾ ਹੈ, ਮੁਸ਼ਕਿਲ ਨਾਲ਼ ਚਾਦਰ ਜਾਂ **ਪਜ਼ਾਮਾ** ਮੁਯੱਸਰ ਆਉਂਦਾ ਹੈ ਪਰ **ਇਖ਼ਲਾਸ** ਅਤੇ **ਵਫ਼ਾ**, **ਇਰਾਦਤ** ਅਤੇ **ਮੁਹੱਬਤ** ਨੂੰ ਵੇਖ ਕੇ ਤਬੀਅਤ ਵਿੱਚ ਹੈਰਾਨੀ ਅਤੇ ਤਅੱਜੁਬ ਪੈਦਾ ਹੁੰਦਾ ਹੈ। ਆਪ ਅਲੈਹਿਸ੍ ਸਲਾਮ੍ ਨੇ ਜੋ ਤਬਦੀਲੀ ਪੈਦਾ ਕੀਤੀ, ਉਸ ਦੀ ਕੋਈ ਹੋਰ ਮਿਸਾਲ ਨਜ਼ਰ ਨਹੀਂ ਆਉਂਦੀ।

ਅੱਜ ਕ਼ੁਰਬਾਨੀ ਦੀ ਰੂਹ ਦੀ ਸਮਝ ਜਿੰਨੀ ਅਹਮਦੀ ਨੂੰ ਹੈ, ਕਿਸੇ ਹੋਰ ਨੂੰ ਨਹੀਂ। ਅੱਜ ਸਾਨੂੰ ਜਮਾਅਤ ਵਿੱਚ ਅਜਿਹੀਆਂ ਮਿਸਾਲਾਂ ਨਜ਼ਰ ਆਉਂਦੀਆਂ ਹਨ। ਬਹੁਤ ਸਾਰੇ ਅਜਿਹੇ ਹਨ ਜਿਨ੍ਹਾਂ ਨੇ ਕਦੀ ਖ਼ਲੀਫ਼ਇ ਵਕ਼ਤ ਨੂੰ ਵੇਖਿਆ ਵੀ ਨਹੀਂ। ਸਿਰਫ਼ ਐੱਮ.ਟੀ.ਏ. ਉੱਤੇ ਤਸਵੀਰ ਵੇਖ ਲਈ ਜਾਂ ਆਵਾਜ਼ ਸੁਣ ਲਈ ਪਰ ਇਖ਼ਲਾਸ ਅਤੇ ਵਫ਼ਾ ਵਿੱਚ ਵਧਦੇ ਹੀ ਚਲੇ ਜਾਂਦੇ ਹਨ। ਦੁਨੀਆ ਇਨ੍ਹਾਂ ਲੋਕਾਂ ਨੂੰ ਨਹੀਂ ਜਾਣਦੀ। ਇਹ ਲੋਕ ਬ-ਜ਼ਾਹਿਰ ਘੱਟ ਪੜ੍ਹੇ-ਲਿਖੇ ਹਨ, ਪਰ ਕ਼ੁਰ੍ਆਨ ਕਰੀਮ ਦੀ ਤਾਲੀਮ ਦੀ ਸਮਝ ਰੱਖਦੇ ਹਨ ਅਤੇ ਇਸ ਉੱਤੇ ਅਮਲ ਕਰਨ ਦੀ ਕੋਸ਼ਿਸ਼ ਕਰਦੇ ਹਨ।

ਇੱਕ ਮਿਸਾਲ ਗੁਆਡੇਲੂਪ ਦੇ ਇੱਕ ਨਵੇਂ ਅਹਮਦੀ ਦੀ ਹੈ, ਜੋ ਹਾਲ ਹੀ ਵਿੱਚ ਜਲਸਾ ਸਾਲਾਨਾ ਬਰਤਾਨੀਆ ਵਿੱਚ ਵੀ ਸ਼ਾਮਿਲ ਹੋਏ ਅਤੇ ਮੈਨੂੰ ਵੀ ਮਿਲੇ। ਇੱਥੇ ਉਨ੍ਹਾਂ ਨੇ ਵੇਖਿਆ ਕਿ ਜਮਾਅਤ ਕਿਸ ਤਰ੍ਹਾਂ ਕੰਮ ਕਰ ਰਹੀ ਹੈ। ਉਨ੍ਹਾਂ ਨੂੰ ਦੱਸਿਆ ਗਿਆ ਕਿ ਜਮਾਅਤ ਦਾ ਮਾਲੀ ਨਿਜ਼ਾਮ ਵੀ ਹੈ ਅਤੇ ਇਸ ਤਰ੍ਹਾਂ ਲੋਕ ਚੰਦੇ ਦਿੰਦੇ ਹਨ ਅਤੇ ਇਸ ਰਾਹੀਂ ਇਸਲਾਮ ਦੀ ਇਸ਼ਾਅਤ (ਪ੍ਰਚਾਰ) ਦੇ ਕਿਹੜੇ-ਕਿਹੜੇ ਕੰਮ ਹੋ ਰਹੇ ਹਨ। ਇਨ੍ਹਾਂ ਕ਼ੁਰਬਾਨੀਆਂ ਦੇ ਖ਼ਰਚਿਆਂ ਬਾਰੇ ਜਦੋਂ ਉਨ੍ਹਾਂ ਨੂੰ ਦੱਸਿਆ ਗਿਆ ਤਾਂ ਉਨ੍ਹਾਂ ਨੇ ਬਹੁਤ ਖ਼ੁਸ਼ੀ ਦਾ ਇਜ਼ਹਾਰ ਕੀਤਾ ਅਤੇ ਕਿਹਾ ਕਿ ਮੈਂ ਜਲਸਾ ਸਾਲਾਨਾ ਵਿੱਚ ਆਪਣੀਆਂ ਅੱਖਾਂ ਨਾਲ਼ ਵੇਖਿਆ ਹੈ ਕਿ ਜਮਾਅਤ ਕਿਸ ਤਰ੍ਹਾਂ ਇਨ੍ਹਾਂ ਪੈਸਿਆਂ ਨੂੰ ਅੱਲਾਹ ਤਆਲਾ ਦੀ ਰਾਹ ਵਿੱਚ ਖ਼ਰਚ ਕਰਦੀ ਹੈ। ਮਿਸ਼ਨਰੀ ਸਾਹਿਬ ਲਿਖਦੇ ਹਨ ਕਿ ਇਸ ਘਟਨਾ ਦਾ ਇੱਕ ਹੋਰ ਈਮਾਨ ਅਫ਼ਰੋਜ਼ ਪਹਿਲੂ ਇਹ ਹੈ ਕਿ ਜਦੋਂ **ਤਹਿਰੀਕਿ ਜਦੀਦ** ਦੇ ਚੰਦੇ ਦਾ ਆਖ਼ਰੀ ਦਿਨ ਸੀ ਤਾਂ ਉਹ ਮੇਰੇ ਕੋਲ਼ ਆਏ ਅਤੇ ਕਹਿਣ ਲੱਗੇ ਕਿ ਮੇਰਾ ਛੇ ਸਾਲ ਦਾ ਪੁੱਤਰ ਹੈ। ਇਹ ਉਸ ਦੇ ਵੱਲੋਂ ਛੇ ਯੂਰੋ ਦਾ ਚੰਦਾ ਹੈ। ਉਹ ਕਹਿੰਦੇ ਹਨ ਕਿ ਮੈਂ ਆਪਣੇ ਪੁੱਤਰ ਨੂੰ ਦੱਸਦਾ ਹੁੰਦਾ ਸੀ ਕਿ ਜਮਾਅਤ ਕਿਸ ਤਰ੍ਹਾਂ ਕ਼ੁਰਬਾਨੀਆਂ ਕਰਦੀ ਹੈ। ਇੱਕ ਦਿਨ ਮੈਂ ਉਸ ਨੂੰ ਪਾਰਕ ਲੈ ਕੇ ਗਿਆ ਅਤੇ ਝੂਲਿਆਂ ਦੀ ਟਿਕਟ ਲੈਣ ਲੱਗਾ ਤਾਂ ਉਸ ਨੇ ਕਿਹਾ ਕਿ ਮੈਂ ਅੱਜ ਝੂਲਿਆਂ ਉੱਤੇ ਨਹੀਂ ਬੈਠਾਂਗਾ ਬਲਕਿ ਇਹ ਪੈਸੇ ਮੇਰ ਵੱਲੋਂ ਅੱਲਾਹ ਦੇ ਰਾਹ ਵਿੱਚ ਦੇ ਦਿਓ। ਇਹ ਬ-ਜ਼ਾਹਿਰ ਮਾਮੂਲੀ ਰਕ਼ਮ ਹੈ ਪਰ ਇਸ ਬੱਚੇ ਵੱਲੋਂ ਇੱਕ ਅਜ਼ੀਮ **ਕ਼ੁਰਬਾਨੀ** ਹੈ।

ਗਿਨੀ ਕੋਨਾਕਰੀ ਦੀ ਇੱਕ ਘਟਨਾ ਹੈ ਕਿ ਤੋਲਾ ਸਾਹਿਬ ਇੱਕ ਅਹਮਦੀ ਹਨ, ਜੋ ਬਹੁਤ ਗ਼ਰੀਬ ਹਨ। ਉਨ੍ਹਾਂ ਨੇ ਆਪਣਾ ਤਹਿਰੀਕਿ ਜਦੀਦ ਦਾ ਚੰਦਾ ਤੀਹ ਹਜ਼ਾਰ ਫ਼ਰੈਂਕ (ਕਰੰਸੀ/ਮੁਦਰਾ) ਲਿਖਵਾਇਆ। ਉਹ ਕਹਿੰਦੇ ਹਨ ਕਿ ਮੇਰੀ ਧੀ ਦਾ ਵਿਆਹ ਵੀ ਸੀ। ਮੈਂ ਉਸ ਲਈ ਰਕ਼ਮ ਇਕੱਠੀ ਕੀਤੀ ਹੋਈ ਸੀ। ਇਸੇ ਦੌਰਾਨ ਮੁਅੱਲਿਮ ਸਾਹਿਬ ਚੰਦਾ ਲੈਣ ਆ ਗਏ। ਮੈਂ ਵਿਆਹ ਲਈ ਇਕੱਠੀ ਕੀਤੀ ਹੋਈ ਇਹ ਰਕ਼ਮ ਉਨ੍ਹਾਂ ਨੂੰ ਦੇ ਦਿੱਤੀ ਕਿ ਇਸ ਨੂੰ ਚੰਦੇ ਵਿੱਚ ਸ਼ਾਮਿਲ ਕਰ ਲੈਣ। ਇਸ ਦੇ ਬਾਅਦ ਅੱਲਾਹ ਤਆਲਾ ਦਾ ਮੇਰੇ ਉੱਤੇ ਅਜਿਹਾ ਅਹਿਸਾਨ ਹੋਇਆ ਕਿ ਮੇਰਾ ਇੱਕ ਪੁੱਤਰ, ਜਿਹੜਾ ਲੰਮੇ ਸਮੇਂ ਤੋਂ ਫ਼ਰਾਂਸ ਜਾਣ ਲਈ ਘਰੋਂ ਨਿਕਲਿਆ ਹੋਇਆ ਸੀ ਅਤੇ ਜਿਸ ਬਾਰੇ ਕੁੱਝ ਪਤਾ ਨਹੀਂ ਸੀ, ਸਗੋਂ ਉਸ ਨੂੰ ਇੰਨਾ ਸਮਾਂ ਹੋ ਗਿਆ ਸੀ ਕਿ ਅਸੀਂ ਸਮਝਦੇ ਸਾਂ ਕਿ ਉਹ ਰਸਤੇ ਵਿੱਚ ਕਿਤੇ ਖ਼ੁਦਾ ਨਾ-ਖ਼ਾਸਤਾ (ਰੱਬ ਨਾ ਕਰੇ) ਫ਼ੌਤ ਹੋ ਚੁੱਕਾ ਹੈ। ਅਚਾਨਕ ਇੱਕ ਦਿਨ ਉਸ ਦੀ ਕਾਲ ਆਈ ਅਤੇ ਉਸ ਨੇ ਦੱਸਿਆ ਕਿ ਮੈਂ ਫ਼ਰਾਂਸ ਪਹੁੰਚ ਗਿਆ ਹਾਂ। ਉਸ ਨੇ ਇਹ ਵੀ ਦੱਸਿਆ ਕਿ ਮੈਂ ਤੁਹਾਡੇ ਖ਼ਰਚਿਆਂ ਲਈ ਇੱਕ ਵੱਡੀ ਰਕ਼ਮ ਤੁਹਾਨੂੰ ਭੇਜ ਰਿਹਾ ਹਾਂ। ਉਹ ਕਹਿੰਦੇ ਹਨ ਕਿ ਇਸ ਗੱਲ

ਤੋਂ ਮੇਰੇ ਈਮਾਨ ਵਿੱਚ ਬਹੁਤ ਵਾਧਾ ਹੋਇਆ ਕਿ ਚੰਦੇ ਦੀ ਬਰਕਤ ਨਾਲ਼ ਇੱਕ ਤਾਂ ਮੈਨੂੰ ਆਪਣੇ ਪੁੱਤਰ ਦੀ ਖ਼ਬਰ ਮਿਲ਼ ਗਈ ਅਤੇ ਅੱਲਾਹ ਤਆਲਾ ਨੇ ਕਈ ਗੁਣਾ ਵਧਾ ਕੇ ਮੇਰੀ ਰਕ਼ਮ ਵੀ ਮੈਨੂੰ ਵਾਪਸ ਕਰ ਦਿੱਤੀ।

ਅਰਜਨਟੀਨਾ ਦੇ ਮੁਰੱਬੀ ਸਾਹਿਬ ਲਿਖਦੇ ਹਨ ਕਿ ਇੱਕ ਮੁਖ਼ਲਿਸ ਅਹਮਦੀ ਹਨ, ਨਾਸਿਰ ਆਰਕੀਊਨਸ ਸਾਹਿਬ, ਜੋ ਅਰਜਨਟੀਨਾ ਦੇ ਪਹਿਲੇ ਲੋਕਲ ਅਹਮਦੀ ਹਨ। ਉਹ ਮੁਲਕ ਦੇ ਮਸ਼ਹੂਰ **ਪੱਤਰਕਾਰ** ਸਨ, ਪਰ ਕੁੱਝ ਸਾਲਾਂ ਤੋਂ ਅਪਾਹਿਜ ਹੋ ਚੁੱਕੇ ਹਨ। ਉਨ੍ਹਾਂ ਦਾ ਪਰਿਵਾਰ ਲਗਾਤਾਰ ਮਾਲੀ ਤੰਗੀ ਦਾ ਸਾਹਮਣਾ ਕਰ ਰਿਹਾ ਹੈ। ਕਈ ਵਾਰ ਦਵਾਈ ਲਈ ਵੀ ਪੈਸੇ ਨਹੀਂ ਹੁੰਦੇ। **ਮੁਰੱਬੀ ਸਾਹਿਬ** ਕਹਿੰਦੇ ਹਨ ਕਿ ਮੈਂ ਉਨ੍ਹਾਂ ਨੂੰ ਕਿਹਾ ਕਿ ਤੁਹਾਡੇ ਹਾਲਾਤ ਤਾਂ ਅਜਿਹੇ ਨਹੀਂ ਹਨ ਕਿ ਤੁਸੀਂ ਚੰਦਾ ਦੇ ਸਕੋ, ਪਰ ਜੇ ਬਰਕਤ ਲਈ ਕੁੱਝ ਦੇਣਾ ਚਾਹੋ ਤਾਂ ਦੇ ਦਿਓ। ਇਹ ਗੱਲ ਸੁਣ ਕੇ ਉਨ੍ਹਾਂ ਨੇ ਕੁੱਝ ਦਿਨਾਂ ਬਾਅਦ ਖ਼ੁਦ ਸੰਪਰਕ ਕੀਤਾ ਅਤੇ ਦੱਸਿਆ ਕਿ ਮੈਂ ਜਮਾਅਤੀ ਖ਼ਾਤੇ ਵਿੱਚ ਚੰਦੇ ਦੀ ਰਕ਼ਮ ਭੇਜ ਦਿੱਤੀ ਹੈ। ਵੇਖਿਆ ਗਿਆ ਤਾਂ ਉਨ੍ਹਾਂ ਨੇ ਪੰਜੀ ਡਾਲਰ ਦੀ ਰਕ਼ਮ ਭੇਜੀ ਸੀ। ਇਹ ਮਾਮੂਲੀ ਰਕ਼ਮ ਹੈ ਪਰ ਉਨ੍ਹਾਂ ਦੇ ਨਿੱਜੀ ਹਾਲਾਤ ਨੂੰ ਦੇਖਦਿਆਂ ਇਹ ਇੱਕ **ਗ਼ੈਰ-ਮਾਮੂਲੀ ਕ਼ੁਰਬਾਨੀ** ਸੀ।

ਬੈਨਿਨ ਦੀ ਇੱਕ ਘਟਨਾ ਹੈ ਕਿ ਇੱਕ ਨਵੇਂ ਅਹਮਦੀ ਨੇ, ਜਿਨ੍ਹਾਂ ਨੇ ਈਸਾਈਅਤ ਤੋਂ ਅਹਮਦਿੱਯਤ ਕ਼ਬੂਲ ਕੀਤੀ ਸੀ, ਇੱਕ ਛੋਟੀ ਜਿਹੀ ਦੁਕਾਨ ਖੋਲ੍ਹੀ ਹੋਈ ਹੈ। ਉਹ ਕਹਿੰਦੇ ਹਨ ਕਿ ਮੇਰੇ ਕੋਲ਼ ਦਸ ਹਜ਼ਾਰ ਫ਼ਰੈਂਕ (ਕਰੰਸੀ/ਮੁਦਰਾ) ਦੀ ਰਕ਼ਮ ਸੀ। ਮੇਰੀ ਧੀ ਮੇਰੇ ਕੋਲ਼ ਆਈ ਅਤੇ ਕਹਿਣ ਲੱਗੀ ਕਿ ਸਕੂਲ ਪ੍ਰਬੰਧਕਾਂ ਨੇ **ਫ਼ੀਸ** ਨਾ ਦੇਣ ਕਾਰਨ ਉਸ ਨੂੰ ਸਕੂਲ ਵਿੱਚੋਂ ਕੱਢ ਦਿੱਤਾ ਹੈ। ਮੈਂ ਸਕੂਲ ਦੀ ਫ਼ੀਸ ਦੇਣ ਦੀ ਤਿਆਰੀ ਕਰ ਰਿਹਾ ਸੀ। ਇਸੇ ਦੌਰਾਨ **ਮੁਅੱਲਿਮ ਸਾਹਿਬ** ਤਹਿਰੀਕਿ ਜਦੀਦ ਦੇ ਸਬੰਧ ਵਿੱਚ ਆ ਗਏ। ਮੈਂ ਉਹ ਰਕ਼ਮ ਚੰਦੇ ਵਿੱਚ ਦੇ ਦਿੱਤੀ। ਅੱਲਾਹ ਤਆਲਾ ਦਾ ਅਜਿਹਾ ਫ਼ਜ਼ਲ ਹੋਇਆ ਕਿ ਉਸ ਦਿਨ ਇਸ ਤੋਂ ਬਾਅਦ ਇੰਨੇ ਗਾਹਕ ਆਏ ਕਿ ਦੋ ਲੱਖ ਫ਼ਰੈਂਕ (ਕਰੰਸੀ/ਮੁਦਰਾ) ਦੀ ਕ਼ੀਮਤ ਦੇ ਮਾਲ ਦੀ ਵਿਕਰੀ ਹੋਈ ਅਤੇ ਬਹੁਤ **ਮੁਨਾਫ਼ਾ** ਹੋਇਆ। ਚੁਨਾਂਚਿ ਮੈਂ ਉਸੇ ਦਿਨ ਫ਼ੀਸ ਵੀ ਅਦਾ ਕਰ ਦਿੱਤੀ।

ਬਹੁਤ ਸਾਰੇ ਲੋਕ ਘਟਨਾਵਾਂ ਲਿਖ ਕੇ ਭੇਜਦੇ ਹਨ ਕਿ ਅਸੀਂ ਮਾਲੀ ਕ਼ੁਰਬਾਨੀਆਂ ਕਰਦੇ ਹਾਂ ਅਤੇ ਦੁਆ ਕਰਦੇ ਹਾਂ। ਉਹ ਦੁਆਵਾਂ ਲਈ ਮੈਨੂੰ ਵੀ ਲਿਖਦੇ ਰਹਿੰਦੇ ਹਨ। ਇਨ੍ਹਾਂ ਕ਼ੁਰਬਾਨੀਆਂ ਦੀ ਬਰਕਤ ਨਾਲ਼ ਉਨ੍ਹਾਂ ਦੇ ਵਿਗੜੇ ਹੋਏ ਕੰਮ **ਸੰਵਰ** ਜਾਂਦੇ ਹਨ ਅਤੇ ਬੱਚਿਆਂ ਦਾ ਸੁਧਾਰ ਹੋ ਜਾਂਦਾ ਹੈ।

ਕੈਨੇਡਾ ਤੋਂ ਨੈਸ਼ਨਲ ਸੈਕਟਰੀ ਤਹਿਰੀਕਿ ਜਦੀਦ ਲਜਨਾ ਇਮਾਅੱਲਾਹ ਲਿਖਦੀ ਹਨ ਕਿ ਲਜਨਾ ਦੀ ਇੱਕ ਮੈਂਬਰ ਆਪਣਾ ਨਾਮ ਜ਼ਾਹਿਰ ਨਾ ਕਰਦੇ ਹੋਏ ਦੱਸਦੀ ਹਨ ਕਿ ਮੈਂ ਹਮੇਸ਼ਾ ਆਪਣੀ ਹੈਸੀਅਤ ਦੇ ਮੁਤਾਬਿਕ਼ ਚੰਦਾ ਅਦਾ ਕੀਤਾ ਹੈ। ਪਿਛਲੇ ਸਾਲ ਜੋ ਮੈਂ ਖ਼ੁਤਬਾ ਦਿੱਤਾ ਸੀ, ਉਸ ਵਿੱਚ ਮੈਂ ਹਜ਼ਰਤ ਅੰਮਾ ਜਾਨ ਰਜ਼ਿਯੱਲਾਹੁ ਅਨਹਾ ਦੀ ਮਿਸਾਲ ਦਿੱਤੀ ਸੀ ਕਿ ਉਹ ਸ਼ੁਰੂ ਵਿੱਚ ਆਪਣਾ ਵਾਅਦਾ ਲਿਖਵਾਉਂਦੀ ਅਤੇ ਫਿਰ ਉਸ ਨੂੰ ਪੂਰਾ ਵੀ ਕਰ ਦਿੰਦੀ ਸਨ। ਉਹ ਕਹਿੰਦੀ ਹਨ ਕਿ ਮੈਂ ਸੋਚਿਆ ਕਿ ਇਸ ਉੱਤੇ ਅਮਲ ਕਰਾਂ ਅਤੇ ਆਪਣਾ ਵਾਅਦਾ ਲਿਖਵਾ ਦਿੱਤਾ ਅਤੇ ਅਦਾ ਵੀ ਕਰ ਦਿੱਤਾ, ਜੋ ਕਿ ਦੋ ਮਹੀਨਿਆਂ ਦੀ **ਤਨਖ਼ਾਹ** ਦੇ ਬਰਾਬਰ ਸੀ। ਫਿਰ ਮੈਂ ਅੱਲਾਹ ਤਆਲਾ ਦੀਆਂ ਬਰਕਤਾਂ ਦਾ ਇਵੇਂ ਦਰਸ਼ਣ ਕੀਤਾ, ਜਿਵੇਂ ਕੋਈ ਲੁਕਿਆ ਹੋਇਆ **ਖ਼ਜ਼ਾਨਾ** ਮਿਲ਼ ਗਿਆ ਹੋਵੇ। ਬਹੁਤ ਸਾਰੇ ਰੁਕੇ ਹੋਏ ਕੰਮ ਹੋ ਗਏ। ਇੱਕ ਘਰ ਬਹੁਤ ਚੰਗੀ ਕ਼ੀਮਤ ਉੱਤੇ ਵਿਕ ਗਿਆ ਅਤੇ ਦੂਜੀ ਥਾਂ ਨਵਾਂ ਘਰ ਖ਼ਰੀਦਣ ਦੀ ਤੌਫ਼ੀਕ਼ ਮਿਲ਼ ਗਈ।

ਰੂਸ ਦੇ ਮੁਬੱਲਿ਼ਗ਼ ਇੰਚਾਰਜ ਲਿਖਦੇ ਹਨ ਕਿ ਇੱਕ ਮੁਖ਼ਲਿਸ ਅਤੇ ਕ਼ੁਰਬਾਨੀ ਕਰਨ ਵਾਲ਼ੇ ਅਹਮਦੀ ਹਨ। ਉਨ੍ਹਾਂ ਨੇ ਇੱਕ ਦਿਨ ਜੁਮਏ ਦੀ ਨਮਾਜ਼ ਤੋਂ ਬਾਅਦ ਮੈਨੂੰ ਇੱਕ ਮੁਨਾਸਿਬ ਰਕ਼ਮ ਦਿੱਤੀ। ਮੈਂ ਕਿਹਾ ਕਿ ਤੁਹਾਡਾ ਕੋਈ ਬਕ਼ਾਇਆ ਨਹੀਂ ਹੈ। ਕਹਿਣ ਲੱਗੇ ਕਿ ਮੈਂ ਆਪਣੇ ਜੱਦੀ ਮੁਲਕ ਗਿਆ ਹੋਇਆ ਸੀ ਅਤੇ ਜਦੋਂ ਵਾਪਸ ਮਾਸਕੋ ਆਇਆ ਤਾਂ ਮੈਨੂੰ ਦੂਜੇ ਮੁਲਕਾਂ ਤੋਂ ਆਏ ਮੁਸਾਫ਼ਿਰਾਂ ਦੇ ਨਾਲ਼ ਹਵਾਈ ਅੱਡੇ ਉੱਤੇ ਰੋਕ ਲਿਆ ਗਿਆ। ਪਹਿਲਾਂ ਵੀ **ਇਮੀਗ੍ਰੇਸ਼ਨ** ਦੇ ਅਧਿਕਾਰੀ ਬਹੁਤ ਛੋਟੀਆਂ-ਛੋਟੀਆਂ ਗੱਲਾਂ ਉੱਤੇ ਲੋਕਾਂ ਨੂੰ ਰੋਕ ਕੇ ਵਾਪਸ ਭੇਜ ਦਿੰਦੇ ਹਨ। ਮੇਰੇ ਮਨ ਵਿੱਚ ਖ਼ਿਆਲ ਆਇਆ ਕਿ ਅੱਲਾਹ ਤਆਲਾ ਦੇ ਰਾਹ ਵਿੱਚ ਖ਼ਰਚ ਕਰਨ ਨਾਲ਼ ਹਮੇਸ਼ਾ ਕੰਮ ਬਣਦੇ ਰਹੇ ਹਨ। ਮੈਂ **ਅਹਿਦ** ਕੀਤਾ ਕਿ ਜੇ ਮੈਨੂੰ ਵਾਪਸ ਨਾ ਭੇਜਿਆ ਗਿਆ ਤਾਂ ਆਪਣੇ ਮੁਲਕ ਜਾਣ ਦੀ ਟਿਕਟ ਦੇ ਬਰਾਬਰ ਰਕ਼ਮ ਅੱਲਾਹ ਦੇ ਰਾਹ ਵਿੱਚ

ਦੇਵਾਂਗਾ। ਆਖ਼ਿਰਕਾਰ ਮੈਨੂੰ ਜਾਣ ਦੀ ਇਜਾਜ਼ਤ ਦੇ ਦਿੱਤੀ ਗਈ ਅਤੇ ਮੈਂ ਆਪਣੇ ਵਾਅਦੇ ਮੁਤਾਬਿਕ਼ ਇਹ ਰਕ਼ਮ ਦੇ ਰਿਹਾ ਹਾਂ।

ਅੱਲਾਹ ਦੇ ਫ਼ਜ਼ਲ ਨਾਲ਼ ਤਹਿਰੀਕਿ ਜਦੀਦ ਦਾ 92ਵਾਂ (ਬਾਨਵਾਂ) ਸਾਲ 31 ਅਕਤੂਬਰ ਨੂੰ ਸਮਾਪਤ ਹੋਇਆ। ਹੁਣ ਪਹਿਲੀ ਨਵੰਬਰ ਤੋਂ 93ਵਾਂ (ਤਰਾਨਵਾਂ) ਸਾਲ ਸ਼ੁਰੂ ਹੋ ਗਿਆ ਹੈ ਅਤੇ ਜਮਾਅਤ ਨੂੰ ਬੀਤੇ ਸਾਲ ਵਿੱਚ ਤਹਿਰੀਕਿ ਜਦੀਦ ਦੀ ਮੱਦ ਵਿੱਚ 20.28 ਮਿਲੀਅਨ ਦੀ **ਕ਼ੁਰਬਾਨੀ** ਕਰਨ ਦੀ ਤੌਫ਼ੀਕ਼ ਮਿਲ਼ੀ ਹੈ। ਪਿਛਲੇ ਸਾਲ ਦੇ ਮੁਕ਼ਾਬਲੇ ਸੱਤ ਲੱਖ ਸਤਾਈ ਹਜ਼ਾਰ ਪੌਂਡ ਵੱਧ ਹਨ। ਚੰਦਾ ਦੇਣ ਵਾਲ਼ਿਆਂ ਦੀ ਗਿਣਤੀ ਵਿੱਚ ਵੀ ਪਿਛਲੇ ਸਾਲ ਦੀ ਨਿਸਬਤ ਛਿਆਲ਼ੀ ਹਜ਼ਾਰ ਛੇ ਸੌ ਸੋਲ਼ਾਂ (46,616) ਦਾ ਵਾਧਾ ਹੋਇਆ ਹੈ।

ਇਸ ਦੇ ਬਾਅਦ ਹਜ਼ੂਰ ਅਨਵਰ ਨੇ ਕੁੱਲ ਵਸੂਲੀ ਦੇ ਲਿਹਾਜ਼ ਨਾਲ਼ ਮੁਲਕਾਂ ਦੀਆਂ ਪਹਿਲੀਆਂ ਦਸ ਜਮਾਅਤਾਂ ਦੀ **ਪੁਜ਼ੀਸ਼ਨ** ਦਾ ਜ਼ਿਕਰ ਫ਼ਰਮਾਇਆ, ਜਿਸ ਵਿੱਚ ਬਰਤਾਨੀਆ ਪਹਿਲੇ ਨੰਬਰ ਉੱਤੇ ਹੈ।

ਫਿਰ ਹਿੰਦੁਸਤਾਨ ਦੇ ਦਸ ਸੂਬਿਆਂ ਦੀ ਪੁਜ਼ੀਸ਼ਨ ਦਾ ਜ਼ਿਕਰ ਫ਼ਰਮਾਉਂਦੇ ਹੋਏ ਪਹਿਲੇ ਨੰਬਰ ਉੱਤੇ ਸੂਬਾ ਕੇਰਲ ਦਾ ਨਾਂ ਲਿਆ ਅਤੇ ਫਿਰ ਦਸ ਜਮਾਅਤਾਂ ਦੀ ਤਰਤੀਬਵਾਰ ਪੁਜ਼ੀਸ਼ਨ ਦਾ ਐਲਾਨ ਫ਼ਰਮਾਇਆ ਕਿ ਹੈਦਰਾਬਾਦ ਨੰਬਰ ਇੱਕ ਉੱਤੇ ਹੈ ਫਿਰ ਕੋਇੰਬਤੂਰ, ਤੀਜੇ ਨੰਬਰ ਉੱਤੇ ਕਾਦੀਆਂ, ਫਿਰ ਕਾਲੀਕਟ, ਫਿਰ ਮੀਲਾਪਾਲਮ, ਫਿਰ ਬੰਗਲੌਰ, ਫਿਰ ਕੇਰੰਗ, ਫਿਰ ਕੈਰੋਲਾਈ, ਫਿਰ ਕਲਕੱਤਾ ਅਤੇ ਫਿਰ ਕੰਨੂਰ ਟਾਊਨ ਹਨ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਤਹਿਰੀਕਿ ਜਦੀਦ ਦੇ ਚੰਦਿਆਂ ਰਾਹੀਂ ਅਫ਼ਰੀਕ਼ਾ ਦੀਆਂ 7,601 ਮਸਜਿਦਾਂ, 2,400 ਮਿਸ਼ਨ ਹਾਊਸਾਂ ਅਤੇ ਮੁਬੱਲਿਗ਼ਾਂ ਅਤੇ ਮੁਅੱਲਿਮਾਂ ਦੇ ਖ਼ਰਚੇ ਪੂਰੇ ਕੀਤੇ ਜਾਂਦੇ ਹਨ। ਨੁਸਰਤ ਜਹਾਂ ਸਕੀਮ ਦੇ ਤਹਿਤ 13 ਮੁਲਕਾਂ ਵਿੱਚ 620 **ਸਕੂਲ** ਅਤੇ 14 ਮੁਲਕਾਂ ਵਿੱਚ 41 **ਹਸਪਤਾਲ** ਅਤੇ **ਕਲੀਨਿਕ** ਸੇਵਾਵਾਂ ਨਿਭਾ ਰਹੇ ਹਨ। ਇਸ ਤੋਂ ਇਲਾਵਾ **ਯੂਨੀਵਰਸਿਟੀਆਂ**, ਵਜ਼ੀਫ਼ਿਆਂ, 26 ਰੇਡੀਓ ਸਟੇਸ਼ਨਾਂ, ਐੱਮ.ਟੀ.ਏ. ਸਟੂਡੀਓਜ਼ ਅਤੇ ਦੁਨੀਆ ਦੇ ਵੱਖ-ਵੱਖ ਮੁਲਕਾਂ ਵਿੱਚ ਤਬਲੀਗ਼ੀ ਅਤੇ ਤਾਲੀਮੀ ਯੋਜਨਾਵਾਂ ਲਈ ਮਾਲੀ ਸਹਾਇਤਾ ਵੀ ਦਿੱਤੀ ਜਾਂਦੀ ਹੈ। ਇਹ ਸਾਰੀਆਂ ਮਹਾਨ ਸੇਵਾਵਾਂ ਜਮਾਅਤ ਦੇ ਅਹਮਦੀਆਂ ਦੀਆਂ ਮੁਖ਼ਲਿਸਾਨਾ ਮਾਲੀ ਕ਼ੁਰਬਾਨੀਆਂ ਰਾਹੀਂ ਜਾਰੀ ਹਨ, ਜਿਨ੍ਹਾਂ ਦੇ ਸੀਮਿਤ ਵਸੀਲਿਆਂ ਤੋਂ ਅਸਾਧਾਰਨ ਨਤੀਜੇ ਹਾਸਿਲ ਹੋ ਰਹੇ ਹਨ।

ਤਹਿਰੀਕਿ ਜਦੀਦ ਅਤੇ ਹੋਰ ਕੇਂਦਰੀ ਚੰਦਿਆਂ ਰਾਹੀਂ ਜਮਾਅਤ ਦੇ ਖ਼ਰਚੇ ਪੂਰੇ ਹੁੰਦੇ ਹਨ, ਜੋ ਅਹਮਦੀਆਂ ਦੀਆਂ ਮੁਖ਼ਲਿਸਾਨਾ ਕ਼ੁਰਬਾਨੀਆਂ ਅਤੇ ਅੱਲਾਹ ਤਆਲਾ ਦੇ **ਫ਼ਜ਼ਲ** ਨਾਲ਼ ਸੰਭਵ ਹਨ। ਅੱਲਾਹ ਤਆਲਾ ਸਾਰੇ ਕ਼ੁਰਬਾਨੀ ਕਰਨ ਵਾਲ਼ਿਆਂ ਦੇ ਪੈਸਿਆਂ ਅਤੇ ਜੀਆਂ ਵਿੱਚ ਬਰਕਤ ਅਤਾ ਫ਼ਰਮਾਵੇ ਅਤੇ ਉਨ੍ਹਾਂ ਨੂੰ ਬਿਹਤਰੀਨ **ਜਜ਼ਾ** ਨਾਲ਼ ਨਵਾਜ਼ੇ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهُ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞